


# ਸਟ੍ਰੈਡਲ ਕੈਰੀਅਰ ਨੇ ਅਲਵਿਦਾ ਕਿਹਾ

ਹੁਣ ਜਦ ਅਸੀਂ Murrumbeena ਵਿਖੇ ਗੈਂਟਰੀ ਕਰੇਨਾਂ ਅਤੇ ਸਟ੍ਰੈਡਲ ਕੈਰੀਅਰ ਨੂੰ ਆਖਰੀ ਸਲਾਮ ਕਹਿ ਰਹੇ ਹਾਂ, ਅਸੀਂ ਹਰ ਉਸ ਚੀਜ਼ ’ਤੇ ਝਾਤ ਪਾ ਰਹੇ ਹਾਂ ਜਿਸਨੂੰ ਹਾਸਲ ਕਰਨ ਵਿੱਚ ਉਹਨਾਂ ਨੇ ਸਾਡੀ ਮਦਦ ਕੀਤੀ ਹੈ।

ਆਪਣੇ 180 ਦਿਨਾਂ ਦੇ ਕਾਰਜਕਾਲ ਦੌਰਾਨ ਜਦ ਸਟ੍ਰੈਡਲ ਕੈਰੀਅਰ ਚੱਲ ਰਿਹਾ ਸੀ, ਇਸਨੇ ਰੇਲ ਲਾਈਨ ਦੇ ਨਾਲ-ਨਾਲ ਅੱਗੇ-ਪਿੱਛੇ ਚਲਦੇ ਹੋਏ 260 ਕਿ.ਮੀ. ਦੀ ਯਾਤਰਾ ਕਰਦੇ ਹੋਏ Caulfield ਅਤੇ Hughesdale ਵਿਚਕਾਰ 174 ਕੰਕ੍ਰੀਟ ਬੀਮ ਸਥਾਪਤ ਕੀਤੇ, ਜਿੰਨ੍ਹਾਂ ਵਿੱਚੋਂ ਹਰੇਕ ਦਾ ਭਾਰ 420 ਟਨ ਸੀ।

Murrumbeena ਵਿੱਚ ਜ਼ਮੀਨੀ ਪੱਧਰ ’ਤੇ ਗੈਂਟਰੀ ਕਰੇਨਾਂ ਨੂੰ ਹੁਣ ਥੱਲੇ ਉਤਾਰ ਲਿਆ ਗਿਆ ਹੈ ਅਤੇ ਸਟ੍ਰੈਡਲ ਕੈਰੀਅਰ ਨੂੰ ਵਰਤੋਂ ਤੋਂ ਹਟਾਇਆ ਜਾ ਰਿਹਾ ਹੈ।

ਇਸ ਪੜਾਅ ਦੇ ਪੂਰਾ ਹੋਣ ਦੇ ਨਾਲ, ਇਸ ਖੇਤਰ ਦੀ ਉਸਾਰੀ ਟੀਮ ਨੇ ਆਪਣਾ ਧਿਆਨ ਢਾਂਚੇ ਉੱਤੇ ਨਵੇਂ ਟ੍ਰੈਕ ਸਥਾਪਤ ਕਰਨ ਵੱਲ ਮੋੜ ਲਿਆ ਹੈ ਜਦ ਅਸੀਂ Caulfield ਅਤੇ Dandenong ਵਿਚਕਾਰ ਬਾਕੀ ਬਚੇ ਚਾਰ ਫਾਟਕਾਂ ਨੂੰ ਹਟਾਉਣ ਦੇ ਕਰੀਬ ਪਹੁੰਚ ਗਏ ਹਾਂ।

---

# ਵਪਾਰੀਆਂ ਲਈ ਖ਼ਬਰਾਂ

ਇੱਕ ਸਮਰਪਿਤ ਵਪਾਰੀ ਟੀਮ ਪ੍ਰੋਜੈਕਟ ਦੇ ਚੱਲਣ ਦੌਰਾਨ ਸਿੱਧੇ ਤੌਰ ’ਤੇ ਸਥਾਨਕ ਕਾਰੋਬਾਰਾਂ ਦੇ ਨਾਲ ਉਹਨਾਂ ਪਹਿਲਕਦਮੀਆਂ ਬਾਰੇ ਸੰਪਰਕ ਵਿੱਚ ਰਹੀ ਹੈ ਜੋ ਵਪਾਰੀਆਂ ਲਈ ਸਹਾਇਤਾ ਪ੍ਰਦਾਨ ਕਰਦੀਆਂ ਹਨ।

ਹਾਲੀਆ ਸਮੇਂ ਵਿੱਚ ਸਾਡੀ ਸਮਰਪਿਤ ਵਪਾਰੀ ਟੀਮ Hughesdale ਵਿੱਚ ਵਪਾਰੀਆਂ ਦੇ ਇੱਕ ਉਤਸ਼ਾਹੀ ਗਰੁੱਪ ਕੋਲ ਮਿਲਣ ਗਈ, ਜੋ Poath Road ਦੇ ਨਾਲ-ਨਾਲ ਫਾਟਕ ਦੇ ਦੋਨੋਂ ਪਾਸੇ ਸਥਿਤ ਹਨ।

ਇਕੱਠਿਆਂ ਮਿਲਕੇ ਉਹਨਾਂ ਨੇ ਇੱਕ ਪਰਿਵਾਰ-ਕੇਂਦਰਿਤ ਗਲੀਆਂ ਦੇ ਤਿਓਹਾਰ ਨੂੰ ਸ਼ੁਰੂ ਕੀਤਾ ਜਿਸ ਬਾਰੇ ਉਮੀਦ ਕੀਤੀ ਜਾਂਦੀ ਹੈ ਕਿ ਇਹ Hughesdale ਵਿੱਚ ਇੱਕ ਸਾਲਾਨਾ ਸਮਾਗਮ ਬਣ ਜਾਵੇਗਾ। ਬਹੁਤ ਸਾਰੇ ਵਪਾਰੀ ਫੁਟਪਾਥ ਦੇ ਸਟਾਲਾਂ ਵਾਲਿਆਂ ਨਾਲ ਆਹਰੇ ਲੱਗੇ ਅਤੇ ਸਥਾਨਕ ਭਾਈਚਾਰੇ ਲਈ ਵਿਸ਼ੇਸ਼ ਪੇਸ਼ਕਸ਼ਾਂ ਕੀਤੀਆਂ। ਮੁਫ਼ਤ ਮਨੋਰੰਜਨ, ਮੁਫ਼ਤ ਚੀਜ਼ਾਂ ਦਾ ਮਜ਼ਾ ਲੈਂਦੇ ਹੋਏ ਭਾਈਚਾਰੇ ਦੇ ਮੈਂਬਰ ਆਪਣੇ ਸਥਾਨਕ ਵਪਾਰੀਆਂ ਦੇ ਹਿਮਾਇਤ ਵਿੱਚ ਅੱਗੇ ਆਏ ਅਤੇ ਉਹਨਾਂ ਨੇ ਇਹਨਾਂ ਵਪਾਰੀਆਂ ਵੱਲੋਂ ਪੇਸ਼ਕਸ਼ ਕੀਤੀਆਂ ਜਾਂਦੀਆਂ ਸਭ ਤੋਂ ਵਧੀਆ ਚੀਜ਼ਾਂ ਬਾਰੇ ਜਾਣਿਆ।

“ਸਮਾਗਮ ਉਤਸ਼ਾਹਵਰਧਕ ਸੀ। ਮੈਂ ਇੱਕੋ ਸਮੇਂ ’ਤੇ ਸਟਰੀਟ ਵਿੱਚ ਏਨੇ ਸਾਰੇ ਲੋਕ ਕਦੇ ਨਹੀਂ ਵੇਖੇ। ਅਸੀਂ ਭਾਈਚਾਰੇ ਦੇ ਵਧੇਰੇ ਕਰੀਬ ਹੋਏ ਅਤੇ ਉਹ ਸਾਡੇ ਵਧੇਰੇ ਕਰੀਬ ਆਏ” – **Knafeh Nabulseyeh ਤੋਂ Mousa**

“Poath Road ਵਿਖੇ ਇੱਕ ਨਵਾਂ ਕਾਰੋਬਾਰ ਹੁੰਦੇ ਹੋਏ, ਅਸੀਂ ਸਾਡੇ ਸਟੋਰ ਵਿਖੇ ਬਹੁਤ ਸਾਰੇ ਲੋਕਾਂ ਦੇ ਆਉਣ ’ਤੇ ਖੁਸ਼ ਸੀ ਜਿੰਨ੍ਹਾਂ ਨੇ ਸਾਡਾ ਨਿੱਘਾ ਸਵਾਗਤ ਕੀਤਾ।”– **Julie, Total Dance Australia**



# ਪ੍ਰੋਜੈਕਟ ਦੀ ਸਮਾਂ-ਸੀਮਾ

## ਉਸਾਰੀ ਦੇ ਪ੍ਰਮੁੱਖ ਮੀਲ-ਪੱਥਰ

### ✓ ਅਕਤੂਬਰ 2016

- ਠੁਕਾਈ (ਜ਼ਮੀਨ ਨੂੰ ਮਜ਼ਬੂਤ ਕਰਨਾ) ਸ਼ੁਰੂ ਹੋਈ

### ✓ ਜਨਵਰੀ 2017

- Carnegie ਅਤੇ Hughesdale ਵਿਚਕਾਰ ਪਹਿਲੇ ਥੰਮ੍ਹ (pier) ਨੂੰ ਸਥਾਪਤ ਕੀਤਾ ਗਿਆ
- ਗੈਂਟਰੀ ਕਰੇਨ ਪਹੁੰਚੀ

### ✓ ਫਰਵਰੀ - ਮਈ 2017

- Clayton ਅਤੇ Noble Park ਵਿਖੇ ਪਹਿਲੇ ਥੰਮ੍ਹ ਨੂੰ ਸਥਾਪਤ ਕੀਤਾ ਗਿਆ
- ਕਰੇਨਾਂ ਨੇ Clayton ਅਤੇ Noble Park ਵਿਖੇ ਬੀਮਾਂ ਅਤੇ ਡੈੱਕ ਦੇ ਹਿੱਸਿਆਂ ਨੂੰ ਚੁੱਕਕੇ ਸਹਾਰਾ ਦੇਣ ਵਾਲੇ ਥੰਮ੍ਹਾਂ (piers) ਉੱਤੇ ਰੱਖਣਾ ਸ਼ੁਰੂ ਕੀਤਾ

### ✓ ਜੂਨ – ਸਤੰਬਰ 2017

- Murrumbeena ਸਟੇਸ਼ਨ ਅਤੇ Grange Road ਵਿਚਕਾਰ ਕੈਰੀਅਰ ਸਿਸਟਮ ਚਾਲੂ ਹੋਇਆ
- Carnegie, Murrumbeena, Clayton ਅਤੇ Noble Park ਵਿਖੇ ਜ਼ਮੀਨ ਦੀ ਠੁਕਾਈ ਪੂਰੀ ਹੋਈ

### ✓ ਅਕਤੂਬਰ 2017

- Noble Park ਵਿਖੇ ਸਾਰੇ ਥੰਮ੍ਹਾਂ (piers) ਅਤੇ ਬੀਮਾਂ ਨੂੰ ਸਥਾਪਤ ਕੀਤਾ ਗਿਆ
- Hughesdale ਵਿਖੇ ਜ਼ਮੀਨ ਦੀ ਠੁਕਾਈ ਪੂਰੀ ਹੋਈ

### 2018

- ਉਪਰ ਚੁੱਕੇ ਹੋਏ ਡੈੱਕ ਉੱਤੇ ਰੇਲ ਨੂੰ ਵਿਛਾਇਆ ਗਿਆ
- ਜ਼ਮੀਨੀ ਪੱਧਰ ਦੀਆਂ ਇਮਾਰਤਾਂ ਨੂੰ ਸਥਾਪਤ ਕੀਤਾ ਗਿਆ
- ਰੋਕੂ ਕੰਧਾਂ ਦੀ ਉਸਾਰੀ ਮੁਕੰਮਲ ਹੋਈ
- ਉੱਪਰੋਂ ਲੰਘਣ ਵਾਲੀਆਂ ਤਾਰਾਂ ਨੂੰ ਸਥਾਪਤ ਕਰਨਾ ਮੁਕੰਮਲ ਹੋਇਆ
- ਉਪਰ ਚੁੱਕੇ ਹੋਏ ਢਾਂਚੇ ਉੱਤੇ ਰੇਲ ਲਾਈਨ ਚਾਲੂ ਹੋਈ
- Carnegie, Murrumbeena, Hughesdale, Clayton ਅਤੇ Noble Park ਵਿਖੇ ਨਵੇਂ ਸਟੇਸ਼ਨ ਖੁੱਲ੍ਹੇ
- ਬਾਈਸਾਈਕਲ ਅਤੇ ਪੈਦਲ ਯਾਤਰੀਆਂ ਲਈ ਰਸਤਾ ਮੁਕੰਮਲ ਹੋਇਆ
- ਖੁੱਲ੍ਹੀ ਜਗ੍ਹਾ ਦੀ ਬਾਗਬਾਨੀ ਮੁਕੰਮਲ ਹੋਈ

### ਸਾਰੇ ਫਾਟਕ ਹਟਾਏ ਗਏ




# ਵਿਕਟੋਰੀਆ ਦਾ ਵੱਡਾ ਨਿਰਮਾਣ

ਵਿਕਟੋਰੀਆ ਇਸ ਸਮੇਂ ਟ੍ਰਾਂਸਪੋਰਟ ਉਸਾਰੀ ਵਿੱਚ ਇੱਕ ਵੱਡੀ ਪੁਲਾਂਘ ਪੁੱਟ ਰਿਹਾ ਹੈ ਜਿੱਥੇ 29 ਵੱਡੇ ਸੜਕ ਅਤੇ ਰੇਲ ਪ੍ਰੋਜੈਕਟਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ।

ਵਿਕਟੋਰੀਆ ਦੀ ਬਿਗ ਬਿਲਡ ਵੈੱਬਸਾਈਟ ਵੱਡੇ ਪ੍ਰੋਜੈਕਟਾਂ ਦੇ ਕਰਕੇ ਯਾਤਰਾ ਵਿੱਚ ਆਉਣ ਵਾਲੀਆਂ ਦਿੱਕਤਾਂ ਬਾਰੇ ਜਾਣਕਾਰੀ ਪ੍ਰਦਾਨ ਕਰਾਉਂਦੀ ਹੈ।

ਵਧੇਰੇ ਜਾਣਕਾਰੀ ਵਾਸਤੇ, ਦੇਖੋ **bigbuild.vic.gov.au/about**




## ਸਾਡੇ ਨਾਲ ਸੰਪਰਕ ਕਰੋ


contact@levelcrossings.vic.gov.au
1800 105 105
Level Crossing Removal Authority
GPO Box 4509, Melbourne VIC 3001


ਸੋਸ਼ਲ ਮੀਡੀਆ 'ਤੇ ਸਾਡਾ ਅਨੁਸਰਣ ਕਰੋ
**@levelcrossings**

Interpreter **ਅਨੁਵਾਦ ਸੇਵਾ** – ਅੰਗਰੇਜ਼ੀ ਤੋਂ ਬਿਨਾਂ ਹੋਰ ਭਾਸ਼ਾਵਾਂ ਵਾਸਤੇ, ਕਰਿਪਾ ਕਰਕੇ 9280 0780 ਉਪਰ ਫੋਨ ਕਰੋ।

ਜੇ ਤੁਸੀਂ ਇਹ ਜਾਣਕਾਰੀ ਕਿਸੇ ਪਹੁੰਚਯੋਗ ਵੰਨਗੀ ਵਿੱਚ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ।


CTD0706




*ਨਵੇਂ ਨਕੋਰ Clayton ਸਟੇਸ਼ਨ 'ਤੇ ਪਹੁੰਚਣ ਵਾਲੀਆਂ ਪਹਿਲਾਂ ਟ੍ਰੇਨਾਂ ਵਿੱਚੋਂ ਇੱਕ*

# ਫਾਟਕਾਂ ਨੂੰ ਹਟਾਉਣ ਬਾਰੇ ਤਾਜ਼ਾ ਜਾਣਕਾਰੀ

CAULFIELD ਤੋਂ DANDENONG

ਅੰਕ # 11 _ ਮਈ 2018

## ਪੰਜ ਫਾਟਕ ਖਤਮ, ਚਾਰ ਖਤਮ ਹੋਣ ਵਾਲੇ ਹਨ

**Cranbourne – Pakenham ਲਾਈਨ ਉਤੇ ਫਾਟਕ ਹਟਾਉਣ ਲਈ, ਨਵੇਂ ਸਟੇਸ਼ਨਾਂ ਦਾ ਨਿਰਮਾਣ ਕਰਨ ਲਈ ਅਤੇ ਨਵੀਂ ਖੁੱਲ੍ਹੀ ਜਗ੍ਹਾ ਬਨਾਉਣ ਲਈ ਉਸਾਰੀ ਦੇ ਕਾਰਜ ਜੋਰ-ਸ਼ੋਰ ਨਾਲ ਚੱਲ ਰਹੇ ਹਨ।**

Caulfield ਤੋਂ Dandenong ਤੱਕ ਫਾਟਕ (ਲੈਵਲ ਕਰੌਸਿੰਗ) ਹਟਾਉਣ ਦਾ ਪ੍ਰੋਜੈਕਟ ਨਾ ਕੇਵਲ ਟ੍ਰੈਫਿਕ ਦੇ ਭੀੜ-ਭੜੱਕੇ ਤੋਂ ਜਿਕਰਯੋਗ ਰਾਹਤ ਪ੍ਰਦਾਨ ਕਰੇਗਾ, ਅਤੇ ਸੜਕ ਅਤੇ ਰੇਲ ਦੀ ਵਰਤੋਂ ਕਰਨ ਵਾਲਿਆਂ ਲਈ ਸੁਰੱਖਿਆ ਵਿੱਚ ਸੁਧਾਰ ਕਰੇਗਾ, ਸਗੋਂ ਇਹ ਮੈਲਬੌਰਨ ਦੇ ਸਭ ਤੋਂ ਰੁਝੇਵੇਂ ਭਰੇ ਰੇਲ ਗਲਿਆਰੇ ਉੱਤੇ ਹੋਰ ਵਧੇਰੇ ਰੇਲਾਂ ਚਲਾਉਣ ਨੂੰ ਵੀ ਯੋਗ ਬਣਾਵੇਗਾ।

### 2018 ਦੇ ਖਤਮ ਹੋਣ ਤੋਂ ਪਹਿਲਾਂ ਹਟਾਏ ਜਾਣ ਵਾਲੇ ਨੌਂ ਫਾਟਕ:

**ਹਟਾਏ ਗਏ ਫਾਟਕ:**

- Clayton Road, Clayton
- Centre Road, Clayton
- Corrigan Road, Noble Park
- Heatherton Road, Noble Park
- Chandler Road, Noble Park

**ਹਟਾਏ ਗਏ ਫਾਟਕ: ਫਾਟਕ ਜਿੰਨ੍ਹਾਂ ਨੂੰ ਹਟਾਉਣ ਦੀ ਪ੍ਰਕਿਰਿਆ ਚਾਲੂ ਹੈ:**

- Grange Road, Carnegie
- Koornang Road, Carnegie
- Murrumbeena Road, Murrumbeena
- Poath Road, Hughesdale

**ਪ੍ਰੋਜੈਕਟ ਬਾਰੇ ਤਾਜ਼ਾ ਜਾਣਕਾਰੀ ਲਈ ਏਥੇ ਸਾਈਨਅੱਪ ਕਰੋ:**
levelcrossings.vic.gov.au

Authorised and published by the Victorian Government, 1 Treasury Place, Melbourne













# 2 ਹੋਰ ਫਾਟਕ ਹਮੇਸ਼ਾਂ ਲਈ ਖਤਮ

## Clayton ਵਿੱਚ Clayton Road ਅਤੇ Centre Road ਵਿਚਕਾਰ ਖਤਰਨਾਕ ਅਤੇ ਭੀੜ-ਭੜੱਕੇ ਵਾਲੇ ਫਾਟਕ ਹਮੇਸ਼ਾਂ ਲਈ ਖਤਮ ਹੋ ਗਏ ਹਨ।

ਇਹਨਾਂ ਫਾਟਕਾਂ ਨੂੰ ਹਟਾਏ ਜਾਣ ਤੋਂ ਪਹਿਲਾਂ, ਇਹ ਸਥਾਨਕ ਭਾਈਚਾਰੇ ਵਾਸਤੇ ਕਸ਼ਟ ਅਤੇ ਪਰੇਸ਼ਾਨੀ ਦਾ ਸਰੋਤ ਸਨ। ਇਹਨਾਂ ਫਾਟਕਾਂ ਵਿਖੇ ਬੂਮ ਗੇਟ ਸਵੇਰ ਵੇਲੇ ਜ਼ਿਆਦਾ ਟ੍ਰੈਫਿਕ ਵਾਲੇ ਸਮੇਂ ਦੌਰਾਨ 82 ਮਿੰਟਾਂ ਤੱਕ ਬੰਦ ਰਹਿੰਦੇ ਸਨ, ਜਿਸ ਨਾਲ ਇਹਨਾਂ ਸੜਕਾਂ ਦੀ ਰੋਜ਼ਾਨਾ ਵਰਤੋਂ ਕਰਨ ਵਾਲੇ 18,000 ਤੋਂ ਵਧੇਰੇ ਮੋਟਰ-ਗੱਡੀ ਚਾਲਕਾਂ ਦੇ ਯਾਤਰਾ ਦੇ ਸਮਿਆਂ ’ਤੇ ਬੇਹੱਦ ਅਸਰ ਪੈਂਦਾ ਸੀ ਅਤੇ ਉਹਨਾਂ ਲਈ ਭੀੜ-ਭੜੱਕਾ ਵੱਧ ਜਾਂਦਾ ਸੀ। ਇਹਨਾਂ ਫਾਟਕਾਂ ਨੂੰ ਹਟਾਉਣਾ Clayton ਸਟੇਸ਼ਨ ਅਤੇ ਸਥਾਨਕ ਕਾਰੋਬਾਰੀਆਂ ਤੱਕ ਵਧੇਰੇ ਸੁਰੱਖਿਅਤ ਅਤੇ ਵਧੇਰੇ ਆਸਾਨ ਪਹੁੰਚ ਵੀ ਪ੍ਰਦਾਨ ਕਰਵਾਵੇਗਾ।

ਇਹ ਫਾਟਕ ਪੱਤਝੜ ਦੀ ਰੁੱਤ ਵਿੱਚ ਉਸਾਰੀ ਦੀ ਜ਼ੋਰਦਾਰ ਮੁਹਿੰਮ ਦੌਰਾਨ ਹਟਾਏ ਗਏ ਸਨ ਜਿਸ ਦੌਰਾਨ ਸਾਡੀ ਟੀਮ ਨੇ ਸਿਗਨਲ ਦੇ ਕਾਰਜਾਂ, ਉੱਪਰੋਂ ਗੁਜ਼ਰਨ ਵਾਲੀਆਂ ਤਾਰਾਂ ਦੀ ਸਥਾਪਨਾ ਨੂੰ ਪੂਰਾ ਕੀਤਾ ਅਤੇ ਉੱਪਰ ਉਠਾਏ ਢਾਂਚੇ ਨੂੰ ਜੋੜਾਂ (abutments) ਦੇ ਰਾਹੀਂ ਮੌਜੂਦਾ ਰੇਲ ਲਾਈਨ ਦੇ ਨਾਲ ਬੰਨ੍ਹਿਆ। ਸਟੇਸ਼ਨ ਦੇ ਪਲੇਟਫਾਰਮਾਂ, ਹਾਲ, ਸਾਹਮਣੇ ਦੇ ਵਿਹੜੇ ਅਤੇ ਇਮਾਰਤ ਉੱਤੇ ਸਾਡੀ ਟੀਮ ਨੇ ਚੌਵੀ ਘੰਟੇ ਕੰਮ ਕੀਤਾ ਅਤੇ ਸਿੱਟੇ ਵਜੋਂ ਨਵਾਂ ਨਕੋਰ Clayton ਸਟੇਸ਼ਨ ਵੀ ਲੋਕ ਅਰਪਣ ਕਰ ਦਿੱਤਾ ਗਿਆ।

“ਆਖਿਰਕਾਰ ਇਸਨੂੰ ਵਾਪਰਦੇ ਦੇਖਣਾ, ਚਮਤਕਾਰ ਜਿਹਾ ਲਗਦਾ ਹੈ। ਮੈਂ ਜਾਣਦਾ ਹਾਂ ਕਿ ਇੱਕ ਡ੍ਰਾਈਵਰ ਵਜੋਂ ਦੁਕਾਨਾਂ, ਸਕੂਲਾਂ ਅਤੇ ਡਾਕਟਰਾਂ ਤੱਕ ਜਾਣ ਲਈ ਫਾਟਕ ਪਾਰ ਕਰਨ ਵਾਸਤੇ ਮੈਨੂੰ ਕਾਫ਼ੀ ਸਮਾਂ ਉਡੀਕ ਕਰਨੀ ਪੈਂਦੀ ਹੈ। ਇਹ ਨਾ ਕੇਵਲ ਹੁਣ ਵਾਸਤੇ, ਸਗੋਂ ਅਗਲੇ 100 ਸਾਲਾਂ ਲਈ ਵੀ ਇੱਕ ਸ਼ਾਨਦਾਰ ਸੁਧਾਰ ਹੈ। ਇਸਨੂੰ ਕੇਵਲ ਹੁਣ ਵਾਸਤੇ ਸਗੋਂ ਭਵਿੱਖ ਵਾਸਤੇ ਬਣਾਇਆ ਗਿਆ ਹੈ – **Gayle, ਸਥਾਨਕ ਵਸਨੀਕ**

*1. Clayton ਵਿੱਚ ਪਹਿਲੇ ਥੰਮ ਨੂੰ ਸਥਾਪਤ ਕੀਤਾ ਗਿਆ 2. Carinish Road ਦੇ ਨਾਲ-ਨਾਲ ਥੰਮ ਸਥਾਪਤ ਕੀਤੇ ਗਏ 3. Clayton Road ਉੱਤੇ ਪਹਿਲੇ ਬੀਮ ਸਥਾਪਤ ਕੀਤੇ ਗਏ 4. Centre Road ਉੱਤੇ ਪਹਿਲਾ ਬੀਮ ਸਥਾਪਤ ਕੀਤਾ ਗਿਆ 5. Clayton ਵਿੱਚ ਆਖਰੀ ਬੀਮ ਸਥਾਪਤ ਕੀਤਾ ਗਿਆ 6-7. ਕਰਮਚਾਰੀ ਉੱਪਰੋਂ ਗੁਜ਼ਰਨ ਵਾਲੀਆਂ ਤਾਰਾਂ ਦੇ ਕੰਮ ਨੂੰ ਪੂਰਾ ਕਰਦੇ ਹੋਏ 8. Clayton Road ਦੇ ਬੂਮ ਗੇਟਾਂ ਨੂੰ ਹਟਾਏ ਜਾਣ ਦਾ ਦ੍ਰਿਸ਼ 9. Clayton ਸਟੇਸ਼ਨ ਦਾ ਡੈੱਕ ਉਸਾਰਿਆ ਗਿਆ 10. Clayton ਸਟੇਸ਼ਨ ਉਸਾਰੀ ਦੌਰਾਨ*



3




4



1




8



7



# ਸ਼ਾਗਿਰਦਾਂ, ਸਿਖਿਆਰਥੀਆਂ ਅਤੇ ਕੈਡਿਟਾਂ ਵਾਸਤੇ ਨੌਕਰੀਆਂ

**ਫਾਟਕ ਹਟਾਉਣ ਦਾ ਪ੍ਰੋਜੈਕਟ ਸ਼ਾਗਿਰਦਾਂ, ਸਿਖਿਆਰਥੀਆਂ ਅਤੇ ਕੈਡਿਟਾਂ ਵਾਸਤੇ ਸੈਂਕੜੇ ਮੌਕੇ ਸਿਰਜ ਰਿਹਾ ਹੈ।**

ਵੱਡੇ ਪ੍ਰੋਜੈਕਟਾਂ ਲਈ ਹੁਨਰਾਂ ਦੀ ਗਰੰਟੀ (Major Projects Skills Guarantee) $20 ਮਿਲੀਅਨ ਤੋਂ ਵੱਡੇ ਪ੍ਰੋਜੈਕਟਾਂ ਦੇ ਠੇਕੇਦਾਰਾਂ ਕੋਲੋਂ ਇਹ ਯਕੀਨੀ ਬਣਾਉਣਾ ਲੋੜਦੀ ਹੈ ਕਿ ਉਹਨਾਂ ਦੇ ਕਾਰਜ-ਬਲਾਂ ਵਿੱਚ ਘੱਟੋ-ਘੱਟ 10 ਪ੍ਰਤੀਸ਼ਤ ਸ਼ਾਗਿਰਦ, ਸਿਖਿਆਰਥੀ ਅਤੇ ਇੰਜੀਨੀਅਰਿੰਗ ਕੈਡਿਟ ਹੋਣ।

ਵਰਤਮਾਨ ਸਮੇਂ, ਸਾਡੇ ਇੰਜੀਨੀਅਰਿੰਗ ਕੈਡਿਟਾਂ, ਸ਼ਾਗਿਰਦਾਂ ਅਤੇ ਸਿਖਿਆਰਥੀਆਂ ਨੇ Caulfield ਤੋਂ Dandenong ਉੱਤੇ ਕੁੱਲ ਮਿਲਾਕੇ 171,561 ਘੰਟੇ ਕੰਮ ਕੀਤਾ ਹੈ ਜੋ ਕਿ 98 ਪੂਰੇ ਸਮੇਂ ਲਈ ਕੰਮ ਕਰਨ ਵਾਲੇ ਕਰਮਚਾਰੀਆਂ ਦੇ ਬਰਾਬਰ ਹੈ।

ਕੈਡਿਟ ਰੇਲਵੇ ਸਿਗਨੈਲਿੰਗ ਵਿੱਚ ਗ੍ਰੈਜੂਏਟ ਡਿਪਲੋਮਾ ਪੂਰਾ ਕਰਦੇ ਹਨ ਅਤੇ ਇਸਦੇ ਨਾਲ-ਨਾਲ ਪ੍ਰੋਗਰਾਮ ਵਿੱਚ ਸ਼ਾਮਲ ਭਾਈਵਾਲ ਕੰਪਨੀਆਂ ਦੇ ਅੰਦਰ ਕਈ ਕਾਰਜ-ਸਥਾਨਾਂ 'ਤੇ ਵਾਰੋ-ਵਾਰੀ ਕੰਮ ਕਰਦੇ ਹਨ।

"ਰੇਲਵੇ ਸਿਗਨੈਲਿੰਗ ਕੈਡਿਟਾਂ ਦੀ ਲਹਿਰ ਵਿੱਚ ਸ਼ਾਮਲ ਹੋਣ 'ਤੇ ਮੈਨੂੰ ਬੇਹੱਦ ਮਾਣ ਹੈ। Caulfield ਤੋਂ Dandenong ਫਾਟਕ ਹਟਾਉਣ ਦੇ ਪ੍ਰੋਜੈਕਟ ਵਿੱਚ ਸ਼ਾਮਲ ਹੋਕੇ ਮੈਨੂੰ ਇੱਕ ਵਿਰਾਸਤ ਦੀ ਛਾਪ ਛੱਡਣ ਦਾ ਮੌਕਾ ਮਿਲੇਗਾ' – **Christelle, ਰੇਲਵੇ ਸਿਗਨੈਲਿੰਗ ਇੰਜੀਨੀਅਰਿੰਗ ਕੈਡਿਟ**

---

# ਵਿਦਿਆਰਥੀਆਂ ਨੇ Clayton ਦੀ ਵਿਰਾਸਤ ਨੂੰ ਸੰਭਾਲਿਆ

**ਅਕਤੂਬਰ 2016 ਵਿੱਚ, ਅਸੀਂ Clayton ਸਟੇਸ਼ਨ ਦੀ ਵਿਰਾਸਤ ਸੂਚੀਬੱਧ ਸ਼ਰਣਗਾਹ ਦਾ ਨਿਸਤਾਰਾ ਕੀਤਾ ਤਾਂ ਜੋ ਇਸਨੂੰ ਪੁਨਰ-ਸੁਰਜੀਤ ਅਤੇ ਪੁਨਰ-ਬਹਾਲ ਕਰਕੇ ਨਵੇਂ Clayton ਸਟੇਸ਼ਨ ਦੇ ਅਹਾਤੇ ਵਿੱਚ ਤਬਦੀਲ ਕੀਤਾ ਜਾ ਸਕੇ।**

ਪਿਛਲੇ ਮਹੀਨੇ ਅਸੀਂ Chisholm TAFE ਦੇ ਵਿਦਿਆਰਥੀਆਂ ਦੇ ਪਾਠਕ੍ਰਮ ਵਜੋਂ ਇਸਦੀ ਪੁਨਰ-ਸੁਰਜੀਤੀ ਵਾਸਤੇ ਇਹ ਇਮਾਰਤ ਉਹਨਾਂ ਨੂੰ ਸੌਂਪ ਦਿੱਤੀ।

ਇਸ ਗੁੰਝਲਦਾਰ ਪ੍ਰੋਜੈਕਟ ਵਿੱਚ ਤਰਖਾਣੀ ਅਤੇ ਬਿਜਲਈ ਸਮੇਤ, ਵੱਖ-ਵੱਖ ਕਿੱਤਿਆਂ ਦੇ ਵਿਦਿਆਰਥੀ ਸ਼ਾਮਲ ਹਨ ਜੋ ਇੱਕ ਵਿਕਟੋਰੀਅਨ ਹੈਰੀਟੇਜ ਅਡਵਾਈਜ਼ਰ ਦੇ ਮਾਰਗ-ਦਰਸ਼ਨ ਹੇਠ ਪੁਨਰ-ਸੁਰਜੀਤੀ ਉੱਤੇ ਕੰਮ ਕਰ ਰਹੇ ਹਨ।

ਕੁਝ ਕੁ ਕਾਰਜਾਂ ਵਿੱਚ ਸ਼ਰਣਗਾਹ ਨੂੰ ਦੁਬਾਰਾ ਰੰਗ ਕਰਨਾ, ਨਵੇਂ ਫਰਸ਼ ਲਗਾਉਣਾ, ਛੱਤ ਪਾਉਣਾ ਅਤੇ ਬਿਜਲਈ ਕਾਰਜ ਨੂੰ ਦੁਬਾਰਾ ਤੋਂ ਕਰਨਾ ਸ਼ਾਮਲ ਹੋਣਗੇ।

ਇਸ ਸ਼ਰਣਗਾਹ ਵਿੱਚ Clayton ਵਿਖੇ ਪੁਰਾਣੀ ਰੇਲਵੇ ਬਾਰੇ ਇੱਕ ਅੰਦਰੂਨੀ ਦੀਵਾਰ ਪਰਦਰਸ਼ਨ ਵੀ ਹੋਵੇਗਾ।

